PSTCL PUNJAB STATE TRANSMISSION CORPORATION LIMITED

**PUNJAB STATE TRANSMISSION CORP. LTD.**

**Regd. Office: PSEB Head Office, The Mall, Patiala.**

**O/O: Addl. S.E P&M Division 220 KV S/Stn. Jamsher Jalandhar. Fax: 0181-2775883**

ਦ/ਹੁ ਨੰ :- 100 ਮਿਤੀ : 27/08/18

ਜਿੰਵੇ ਕਿ ਸ਼੍ਰੀ ਰਵੀ ਕੁਮਾਰ ਆਰ.ਟੀ.ਐਮ. ਪੁੱਤਰ ਸ਼੍ਰੀ ਹੰਸ ਰਾਜ ਦੇ ਇਸ ਮੰਡਲ ਅਧੀਨ ਕੰਮ ਕਰਨ ਦੌਰਾਨ ਨਿੱਜੀ ਜਿੰਦਗੀ ਵਿੱਚ ਕਈ ਅਪਰਾਧਿਕ ਗਤਿਵਿਦਿਆਂ ਅੰਜਾਮ ਦੇਣ ਕਾਰਣ ਵੱਖੋ-ਵੱਖ ਅਦਾਲਤਾਂ ਵੱਲੋਂ ਉਸ ਨੂੰ ਦੋਸ਼ੀ ਕਰਾਰ ਦੇਣ ਉਪਰੰਤ ਸਜ਼ਾਵਾਂ ਮਿਲਣ ਦੇ ਕੇਸ ਸਾਹਮਣੇ ਆਉਣ ਕਾਰਨ ਅਤੇ ਇਹਨਾਂ ਸਜ਼ਾਵਾਂ ਨੂੰ ਵਿਭਾਗ ਤੋਂ ਛੁਪਾਉਂਦੇ ਹੋਏ ਦਿੱਤੇ ਝੂੰਠੇ ਹਲਫੀਆ ਬਿਆਨ ਕਾਰਨ ਉਸ ਨੂੰ ਇਸ ਦਫਤਰ ਦੇ ਦ/ਹੁ ਨੰ: 69 ਮਿਤੀ 26.07.2017 ਨਾਲ ਮੁਅੱਤਲ ਕੀਤਾ ਗਿਆ ਅਤੇ ਦੋਸ਼ ਸੂਚੀ ਨੰਬਰ 2080 ਮਿਤੀ 24/08/2017 ਜਾਰੀ ਕੀਤੀ ਗਈ ਸੀ ਜੋ ਕਿ ਉਸ ਵੱਲੋਂ ਪ੍ਰਾਪਤ ਕਰ ਲਈ ਗਈ।

ਸ਼੍ਰੀ ਰਵੀ ਕੁਮਾਰ ਆਰ.ਟੀ.ਐਮ ਵੱਲੋਂ ਮਿਤੀ 19.09.2017 ਨੂੰ ਦੋਸ਼ ਪੱਤਰ ਨੰ: 2080 ਮਿਤੀ 24.08.2017 ਵਿੱਚ ਲਗਾਏ ਦੋਸ਼ਾਂ ਤੇ ਆਪਣਾ ਜਵਾਬ ਦਿੱਤਾ ਗਿਆ। ਜਿਸ ਵਿੱਚ ਉਸ ਵੱਲੋਂ ਦੋਸ਼ ਪੱਤਰ ਵਿੱਚ ਲਗਾਏ ਦੋਸ਼ਾਂ ਨੂੰ ਨਕਾਰਦੇ ਹੋਏ ਇਸ ਦੋਸ਼ ਸੂਚੀ ਨੂੰ ਵਾਪਸ ਲੈਣ ਲਈ ਕਿਹਾ ਗਿਆ।

ਨਿਮਨਹਸਤਾਖਰਕਰਤਾ ਵੱਲੋਂ ਇਸ ਦੋਸ਼ ਸੂਚੀ ਦੇ ਵਿੱਚ ਲਗਾਏ ਗਏ ਦੋਸ਼ਾਂ ਦੀ ਨਿਰਪੱਖ ਪੜਤਾਲ ਲਈ ਦ/ਹੁ ਨੰ: 91 ਮਿਤੀ 11.10.2017 ਰਾਹੀਂ ਇੰਜੀ: ਇੰਦਰਮੋਹਨਜੀਤ ਸਹਾਇਕ ਕਾਰਜਕਾਰੀ ਇੰਜੀ: ਏ.ਉ ਅਤੇ ਐਸ.ਡੀ.ਉ ਟੀ.ਐਲ ਉੱਪ-ਮੰਡਲ ਜਲੰਧਰ ਨੂੰ ਪੜਤਾਲਕਰਤਾ ਅਧਿਕਾਰੀ ਨਿਯੁਕਤ ਕੀਤਾ ਗਿਆ।

ਪੜਤਾਲਕਰਤਾ ਅਧਿਕਾਰੀ ਨੇ ਮੀਮੋ ਨੰ: 182 ਮਿਤੀ 28.03.2018 ਨਾਲ ਕਰਮਚਾਰੀ ਨੂੰ ਜਾਰੀ ਦੋਸ਼ ਸੂਚੀ ਨੰ 2080 ਮਿਤੀ 24.08.2017 ਦੇ ਸਬੰਧ ਵਿੱਚ ਪੜਤਾਲ ਰਿਪੋਰਟ ਇਸ ਦਫਤਰ ਭੇਜੀ। ਪੜਤਾਲਕਰਤਾ ਅਧਿਕਾਰੀ ਵੱਲੋਂ ਦੋਸ਼ ਸੂਚੀ ਦੇ ਵਿੱਚ ਲਗਾਏ ਦੋਸ਼ਾਂ ਦੇ ਸਬੰਧ ਵਿੱਚ ਹੇਠ ਅਨੁਸਾਰ ਆਪਣੀ ਟਿਪਣੀ ਕੀਤੀ ਗਈ।

**"ਮਿਸਲ ਤੇ ਆਈ ਸ਼ਹਾਦਤ ਅਤੇ ਦਸਤਾਵੇਜਾਂ ਨੂੰ ਗੋਹ ਨਾਲ ਵਿਚਾਰਦੇ ਹੋਏ ਇਹ ਸੱਪਸ਼ਟ ਹੁੰਦਾ ਹੈ ਕਿ ਕਰਮਚਾਰੀ ਵੱਲੋਂ ਮਿਤੀ 08.03.2014 ਨੂੰ ਪੀ ਤੇ ਐਮ ਮੰਡਲ ਜਮਸ਼ੇਰ ਵਿਖੇ ਦੁਬਾਰਾ ਡਿਊਟੀ ਜੁਆਇਨ ਕਰਨ ਸਮੇਂ ਝੂੰਠਾ ਹਲਫੀਆ ਬਿਆਨ ਦੇਣਾ, ਐਫ.ਆਈ.ਆਰ ਨੰ: 262 ਮਿਤੀ 07.10.2009 ਦੇ ਸਬੰਧ ਵਿੱਚ ਉਸ ਵਿੱਰੁਧ ਚਲੇ ਕਰੀਮਿਨਲ ਕੇਸ ਨੰ: 15 ਆਫ 2011 ਦੇ ਮਿਤੀ 13.12.2012 ਨੂੰ ਮਾਣਯੋਗ ਵਧੀਕ ਚੀਫ ਜਿਉਡਿਸ਼ਿਅਲ ਮੈਜੀਸਟਰੇਟ ਜਲੰਧਰ ਸ਼੍ਰੀ ਮਤੀ ਮਨਦੀਪ ਕੌਰ ਦੀ ਅਦਾਲਤ ਵਲੋਂ ਦਿੱਤੇ ਫੈਸਲੇ ਅਤੇ ਐਫ.ਆਈ.ਆਰ ਨੰ: 63 ਮਿਤੀ 09.03.2010 ਦੇ ਸਬੰਧ ਵਿੱਚ ਉਸ ਵਿੱਰੁਧ ਚਲੇ ਕਰੀਮਿਨਲ ਕੇਸ ਨੰ: 115 ਆਫ 2010 ਦੇ ਮਿਤੀ 02.02.2013 ਨੂੰ ਮਾਣਯੋਗ ਵਧੀਕ ਚੀਫ ਜਿਉਡਿਸ਼ਿਅਲ ਮੈਜੀਸਟਰੇਟ ਜਲੰਧਰ ਸ਼੍ਰੀ ਮਤੀ ਮਨਦੀਪ ਕੌਰ ਦੀ ਅਦਾਲਤ ਦੇ ਫੈਸਲੇ, ਜੋ ਕਿ ਮਿਤੀ 14.07.2015 ਨੂੰ ਮਾਣਯੋਗ ਸ਼੍ਰੀ ਰਾਕੇਸ਼ ਕੁਮਾਰ ਸ਼ਰਮਾ ਵਧੀਕ ਸ਼ੈਸ਼ਨ ਜੱਜ, ਜਲੰਧਰ ਦੀ ਅਦਾਲਤ ਵਲੋਂ ਦਿੱਤੇ ਹੁਕਮ ਨਾਲ ਪੜ੍ਹਿਆ ਗਿਆ, ਵਿੱਚ ਮਿਲੀਆਂ ਸਜਾਵਾਂ ਦੋਸ਼ ਸੂਚੀ ਵਿੱਚ ਲਗਾਏ ਇਹਨਾਂ ਦੋਸ਼ਾਂ ਨੂੰ ਪੂਰੀ ਤਰ੍ਹਾਂ ਸਿੱਧ ਕਰਦਾ ਹੈ। ਪਰ ਦੋਸ਼ ਸੂਚੀ ਵਿੱਚ ਲਗਾਏ ਗਏ ਦੋਸ਼ ਕਿ**



Scanned by CamScanner

**ਕਰਮਚਾਰੀ ਵਲੋਂ ਸਹਾਇਕ ਇੰਜੀ: 220ਕੇਵੀ ਸ/ਸ ਕੋਟਲਾਂ ਜੰਗਾਂ ਨਾਲ ਬਦਸਲੂਕੀ ਕੀਤੀ ਗਈ ਸਿੱਧ ਨਹੀਂ ਹੁੰਦਾ"**

ਇਸ ਤਰ੍ਹਾਂ ਪੜਤਾਲ ਰਿਪੋਰਟ ਮੁਤਾਬਕ ਸ਼੍ਰੀ ਰਵੀ ਕੁਮਾਰ ਆਰ.ਟੀ.ਐਮ ਵਿਰੁੱਧ ਜਾਰੀ ਦੋਸ਼ ਸੂਚੀ ਨੰ: 2080 ਮਿਤੀ 24.08.2017 ਵਿੱਚ ਉਸ ਉਪਰ ਹੇਠ ਅਨੁਸਾਰ ਲਗਾਏ ਗਏ ਦੋਸ਼ ਪੂਰੀ ਤਰ੍ਹਾਂ ਸਿੱਧ ਹੁੰਦੇ ਹਨ।

1. ਕਿ ਸ਼੍ਰੀ ਰਵੀ ਕੁਮਾਰ ਆਰ.ਟੀ.ਐਮ ਵਿਰੁੱਧ ਸਦਰ ਥਾਣਾ ਜਲੰਧਰ ਵਿਖੇ ਦਰਜ ਐਫ.ਆਈ.ਆਰ ਨੰ: 262 ਮਿਤੀ 07.10.2009 ਦੇ ਸਬੰਧ ਵਿੱਚ ਮਾਣਯੋਗ ਵਧੀਕ ਚੀਫ ਜਿਉਡਿਸ਼ਿਅਲ ਮੈਜਿਸਟਰੇਟ ਜਲੰਧਰ ਸ਼੍ਰੀ ਮਤੀ ਮਨਦੀਪ ਕੋਰ ਦੀ ਅਦਾਲਤ ਵਿੱਚ ਚਲੇ ਕਰੀਮਿਨਲ ਕੇਸ ਨੰ: 15/1 ਆਫ 2011 ਮਿਤੀ 13.12.2012 ਜੋ ਕਿ ਸ਼੍ਰੀ ਰਵੀ ਕੁਮਾਰ ਆਰ.ਟੀ.ਐਮ ਵੱਲੋਂ ਸ਼੍ਰੀਮਤੀ ਪਰਮਜੀਤ ਕੋਰ ਪਤਨੀ ਸ਼੍ਰੀ ਪਰਮਜੀਤ ਸਿੰਘ ਵਾਸੀ ਪਿੰਡ ਪਤਾਰਾ ਨਾਲ ਬਾਰ-ਬਾਰ ਛੇੜਖਾਨੀ ਕਰਨ, ਗਲਤ ਹਰਕਤਾਂ ਕਰਨ ਅਤੇ ਮਿਤੀ 04.10.2009 ਨੂੰ ਜਬਰਦਸਤੀ ਉਸ ਦੇ ਘਰ ਦਾਖਲ ਹੋ ਕੇ ਉਸ ਨਾਲ ਦੁਰਵਿਵਹਾਰ ਕਰਨ ਕਰਕੇ ਦਰਜ ਕੀਤਾ ਗਿਆ ਸੀ, ਦੇ ਮਿਤੀ 13.12.2012 ਨੂੰ ਹੋਏ ਫੈਸਲੇ ਵਿੱਚ ਅਦਾਲਤ ਵੱਲੋਂ ਸ਼੍ਰੀ ਰਵੀ ਕੁਮਾਰ ਆਰ.ਟੀ.ਐਮ. ਨੂੰ IPC ਦੀਆਂ ਧਾਰਾਵਾਂ 452/354/506/323 ਵਿੱਚ ਦੋਸ਼ੀ ਕਰਾਰ ਦਿੱਤਾ ਗਿਆ ਅਤੇ ਉਸ ਨੂੰ ਹੇਠ ਲਿਖੇ ਅਨੁਸਾਰ ਵੱਖੋ-ਵੱਖ ਧਾਰਾਵਾਂ ਅਧੀਨ ਸਜ਼ਾਵਾਂ ਸੁਣਾਇਆਂ ਗਈਆਂ
   1. ਧਾਰਾ 452 ਅਧੀਨ 9 ਮਹੀਨੇ ਦੀ ਸਜਾ ਅਤੇ 100 ਰੁਪਏ ਦਾ ਜੁਰਮਾਨਾ ਜੋ ਅਦਾ ਨਾ ਕਰਨ ਦੀ ਸੂਰਤ ਵਿੱਚ 10 ਦਿਨਾਂ ਦੀ ਵਾਧੂ ਕੈਦ ਦੇ ਹੁਕਮ ਜਾਰੀ ਕੀਤੇ ਗਏ ਹਨ।
   2. ਧਾਰਾ 354 ਵਿੱਚ 6 ਮਹੀਨੇ ਦੀ ਸਜਾ ਦੇ ਹੁਕਮ,
   3. ਧਾਰਾ 506 ਵਿੱਚ 6 ਮਹੀਨੇ ਦੀ ਸਜਾ ਦੇ ਹੁਕਮ ਅਤੇ
   4. ਧਾਰਾ 323 ਵਿੱਚ 6 ਮਹੀਨੇ ਦੀ ਸਜਾ ਦੇ ਹੁਕਮ ਦਿੱਤੇ ਗਏ ਸਨ।

2. ਕਿ ਸ਼੍ਰੀ ਰਵੀ ਕੁਮਾਰ ਆਰ.ਟੀ.ਐਮ ਵਿਰੁੱਧ ਸਦਰ ਥਾਣਾ ਜਲੰਧਰ ਵਿਖੇ ਦਰਜ ਐਫ.ਆਈ.ਆਰ ਨੰ: 63 ਮਿਤੀ 09.03.2010 ਦੇ ਸਬੰਧ ਵਿੱਚ ਮਾਣਯੋਗ ਵਧੀਕ ਚੀਫ ਜਿਉਡਿਸ਼ਿਅਲ ਮੈਜਿਸਟਰੇਟ ਜਲੰਧਰ ਸ਼੍ਰੀ ਮਤੀ ਮਨਦੀਪ ਕੋਰ ਦੀ ਅਦਾਲਤ ਵਿੱਚ ਚਲੇ ਕਰਿਮੀਨਲ ਕੇਸ ਨੰ: 115/1 ਆਫ 2010, ਜੋ ਕਿ ਸ਼੍ਰੀ ਰਵੀ ਕੁਮਾਰ ਆਰ.ਟੀ.ਐਮ ਵੱਲੋਂ ਦੁਬਾਰਾ ਸ਼੍ਰੀਮਤੀ ਪਰਮਜੀਤ ਕੋਰ ਪਤਨੀ ਸ਼੍ਰੀ ਪਰਮਜੀਤ ਸਿੰਘ ਵਾਸੀ ਪਿੰਡ ਪਤਾਰਾ ਦੇ ਘਰ ਦੀ ਦੀਵਾਰ ਪਾਰ ਕਰਕੇ ਘਰ ਦੇ ਅੰਦਰ ਦਾਖਲ ਹੋ ਗਿਆ ਅਤੇ ਉਸ ਦੀ ਲੜਕੀ ਨਾਲ ਦੁਰਵਿਵਹਾਰ ਕਰਨ ਕਰਕੇ ਦਰਜ ਕੀਤਾ ਗਿਆ ਸੀ, ਵਿੱਚ ਅਦਾਲਤ ਵੱਲੋਂ ਮਿਤੀ 02.02.2013 ਨੂੰ ਦਿੱਤੇ ਫੈਸਲੇ ਅਨੁਸਾਰ ਸ਼੍ਰੀ ਰਵੀ ਕੁਮਾਰ ਨੂੰ IPC ਦੀਆਂ ਵੱਖੋ-ਵੱਖ ਧਾਰਾਵਾਂ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ ਅਤੇ ਉਸ ਨੂੰ ਹੇਠ ਲਿਖੀਆਂ ਸਜ਼ਾਵਾਂ ਸੁਣਾਇਆਂ ਗਈਆਂ



Scanned by CamScanner

1. ਧਾਰਾ 452 ਵਿੱਚ ਇੱਕ ਸਾਲ ਦੀ ਸਜਾ ਅਤੇ 2000 ਰੁਪਏ ਦਾ ਜੁਰਮਾਨਾ ਕੀਤਾ ਗਿਆ ਜੋ ਅਦਾ ਨਾ ਕਰਨ ਦੀ ਸੂਰਤ ਵਿੱਚ ਇੱਕ ਮਹੀਨੇ ਦੀ ਵਾਧੂ ਕੈਦ ਦੇ ਹੁਕਮ ਜਾਰੀ ਕੀਤੇ ਗਏ ਹਨ।
2. ਧਾਰਾ 323 ਵਿੱਚ ਵੀ ਉਸ ਨੂੰ ਇੱਕ ਸਾਲ ਦੀ ਸਜਾ ਅਤੇ 1000 ਰੁਪਏ ਦਾ ਜੁਰਮਾਨਾ ਕੀਤਾ ਗਿਆ ਜੋ ਅਦਾ ਨਾ ਕਰਨ ਦੀ ਸੂਰਤ ਵਿੱਚ ਇੱਕ ਮਹੀਨੇ ਦੀ ਵਾਧੂ ਕੈਦ ਦੇ ਹੁਕਮ ਜਾਰੀ ਕੀਤੇ ਗਏ ਹਨ।

ਸ਼੍ਰੀ ਰਵੀ ਕੁਮਾਰ ਵੱਲੋਂ ਇਸ ਫੈਸਲੇ ਵਿਰੁੱਧ ਮਾਣਯੋਗ ਸ਼੍ਰੀ ਰਾਕੇਸ਼ ਕੁਮਾਰ ਸ਼ਰਮਾ ਵਧੀਕ ਸ਼ੈਸ਼ਨਜੱਜ ਜਲੰਧਰ ਦੀ ਅਦਾਲਤ ਵਿੱਚ ਅਪੀਲ ਕੀਤੀ ਗਈ ਜਿਸ ਦਾ ਫੈਸਲਾ ਅਦਾਲਤ ਵੱਲੋਂ ਮਿਤੀ 14.07.2015 ਨੂੰ ਦਿੱਤਾ ਗਿਆ ਜਿਸ ਵਿੱਚ ਅਦਾਲਤ ਵੱਲੋਂ ਕਰਮਚਾਰੀ ਦੀ ਅਪੀਲ ਡਿਸਮਿਸ ਕਰ ਦਿੱਤੀ ਗਈ ਸੀ ਅਤੇ ਸ਼੍ਰੀ ਰਵੀ ਕੁਮਾਰ ਨੂੰ 10000/- ਰੁਪਏ ਦੇ ਨਿੱਜੀ ਬੋਂਡ ਤੇ ਇੱਕ ਸਾਲ ਦੇ ਪ੍ਰੋਬੇਸ਼ਨ ਤੇ ਰਿਹਾ ਕੀਤਾ ਗਿਆ।

3. ਕਿ ਸ਼੍ਰੀ ਰਵੀ ਕੁਮਾਰ ਆਰ.ਟੀ.ਐਮ ਨੇ ਇਸ ਦਫਤਰ ਦੇ ਦ/ਹੁ ਨੰ: 225 ਮਿਤੀ 18.12.2009 ਨਾਲ ਮੁੱਅਤਲ ਹੋਣ ਅਤੇ ਇਸ ਦਫਤਰ ਦੇ ਦ/ਹੁ ਨੰ: 21 ਮਿਤੀ 07.03.2014 ਨਾਲ ਬਹਾਲ ਹੋਣ ਉਪਰੰਤ ਡਿਊਟੀ ਜੁਆਇਨ ਕਰਨ ਸਮੇਂ ਝੂੱਠਾ ਹਲਫੀਆ ਬਿਆਨ ਦਿੱਤਾ। ਹਲਫੀਆ ਬਿਆਨ ਵਿੱਚ ਉਸ ਵੱਲੋਂ ਇਹ ਤੱਥ ਛੁਪਾਏ ਗਏ ਕਿ ਅਦਾਲਤ ਵੱਲੋਂ ਅੱਲਗ-ਅੱਲਗ ਦੋ ਮਾਮਲੇਆਂ ਵਿੱਚ ਸਜ਼ਾਵਾਂ ਦਿੱਤੀਆਂ ਗਈਆਂ ਹਨ।

ਇਸ ਕੇਸ ਵਿੱਚ ਪੜਤਾਲ ਅਫਸਰ ਵਲੋਂ ਪੇਸ਼ ਕੀਤੀ ਪੜਤਾਲ ਰਿਪੋਰਟ ਦੀ ਕਾਪੀ ਇਸ ਮੰਡਲ ਦੇ ਪੱਤਰ ਨੰ 558/559 ਮਿਤੀ 05.04.2018 ਨਾਲ ਐਸ.ਐਸ.ਈ 220 ਕੇਵੀ ਸ/ਸ ਬਾਦਸ਼ਾਹਪੁਰ ਨੂੰ ਭੇਜਦੇ ਹੋਏ ਕਰਮਚਾਰੀ ਨੂੰ ਸੌਂਪ ਕੇ ਉਸ ਦੀ ਪ੍ਰਾਪਤੀ ਰਸੀਦ ਲੈ ਕੇ ਭੇਜਣ ਲਈ ਕਿਹਾ ਗਿਆ ਅਤੇ ਇਸ ਸਬੰਧੀ ਆਪਣਾ ਪੱਖ ਰਖਣ ਲਈ 15 ਦਿਨਾਂ ਦਾ ਸਮਾਂ ਦਿੱਤਾ ਗਿਆ। ਕਰਮਚਾਰੀ ਵੱਲੋਂ ਮਿਤੀ 01.05.2018 ਨੂੰ ਪੜਤਾਲ ਰਿਪੋਰਟ ਤੇ ਆਪਣਾ ਜਵਾਬ ਪੇਸ਼ ਕੀਤਾ। ਜਿਸ ਵਿੱਚ ਉਸ ਵੱਲੋਂ ਕਿਹਾ ਗਿਆ ਕਿ ਮੇਰੇ ਵੱਲੋਂ ਆਪਣੇ ਬਚਾਵ ਵਿੱਚ ਜੋ ਗੱਲਾਂ ਕਹੀਆਂ ਗਈਆਂ ਪੜਤਾਲ ਅਧਿਕਾਰੀ ਵੱਲੋਂ ਉਹਨਾਂ ਦਾ ਜ਼ਿਕਰ ਨਹੀਂ ਕੀਤਾ ਗਿਆ ਅਤੇ ਪੜਤਾਲ ਨੂੰ ਗਲਤ ਅਤੇ ਬੇ-ਬੁਨਿਆਦ, ਨਿਯਮਾਂ ਦੇ ਖਿਲਾਫ ਦੱਸਿਆ ਅਤੇ ਇਹ ਵੀ ਕਿਹਾ ਗਿਆ ਕਿ ਉਸ ਨੂੰ ਆਪਣਾ ਪੱਖ ਰਖਣ ਦਾ ਮੌਕਾ ਨਹੀਂ ਦਿੱਤਾ ਗਿਆ। ਇਸ ਲਈ ਨਿਮਨਹਸਤਾਖਰਕਰਤਾ ਵੱਲੋਂ ਸ਼੍ਰੀ ਰਵੀ ਕੁਮਾਰ ਆਰ.ਟੀ.ਐਮ ਨੂੰ ਆਪਣਾ ਪੱਖ ਰਖਣ ਦਾ ਪੂਰਾ ਮੌਕਾ ਦਿੰਦੇ ਹੋਏ ਨਿੱਜੀ ਤੋਰ ਤੇ ਮਿਤੀ 27.06.2018 ਨੂੰ ਬੁਲਾਇਆ ਗਿਆ। ਸ਼੍ਰੀ ਰਵੀ ਕੁਮਾਰ ਆਰ.ਟੀ.ਐਮ ਮਿਤੀ 27.06.2018 ਨੂੰ ਨਿਮਨਹਸਤਾਖਰਕਰਤਾ ਦੇ ਸਾਹਮਣੇ ਆਇਆ ਅਤੇ ਨਿਮਨਹਸਤਾਖਰਕਰਤਾ ਦੇ ਬਾਰ-ਬਾਰ ਪੁੱਛਣ ਤੇ ਕਿ ਵੱਖੋ-ਵੱਖ ਅਦਾਲਤਾਂ ਵੱਲੋਂ ਉਸ ਨੂੰ ਜੋ ਸਜਾਵਾਂ ਦਿੱਤੀਆਂ ਗਈਆਂ ਹਨ ਉਹਨਾਂ ਦੇ ਵਿਰੁਧ ਜੇਕਰ ਕੋਈ ਦਸਤਾਵੇਜ ਪੇਸ਼ ਕਰਨਾ ਚਾਹੁੰਦਾ ਹੈ ਜਾਂ ਕੁੱਝ ਕਹਿਣਾ ਚਾਹੁੰਦਾ ਹੈ ਤਾਂ ਕਹਿ ਸਕਦਾ ਹੈ ਅਤੇ ਜੇਕਰ ਉਸ ਨੂੰ ਮਿਲੀਆਂ ਸਜਾਵਾਂ ਕਿਸੇ ਹੋਰ ਅਦਾਲਤ ਵੱਲੋਂ ਖਤਮ ਕਰਦੇ ਹੋਏ ਬਰੀ ਕੀਤਾ ਗਿਆ ਹੈ ਤਾਂ ਉਹ ਉਹਨਾਂ ਹੁਕਮਾਂ ਦੀ ਕਾਪੀ ਪੇਸ਼



Scanned by CamScanner

ਕਰ ਸਕਦਾ ਹੈ। ਮਿਤੀ 27.6.2018 ਦੇ ਆਪਣੇ ਬਿਆਨ ਵਿੱਚ ਸ਼੍ਰੀ ਰਵੀ ਕੁਮਾਰ ਆਰ.ਟੀ.ਐਮ ਵੱਲੋਂ ਕਿਹਾ ਗਿਆ ਕਿ ਉਹ ਵੱਖੋ-ਵੱਖ ਅਦਾਲਤਾਂ ਵੱਲੋਂ ਦਿੱਤੀਆਂ ਸਜਾਵਾਂ ਦੇ ਸਬੰਧ ਵਿੱਚ ਜੋ ਕੁੱਝ ਕਹਿਣਾ ਚਾਹੁੰਦਾ ਸੀ ਪੜਤਾਲ ਦੇ ਦੌਰਾਨ ਪਹਿਲਾਂ ਹੀ ਕਹਿ ਚੁੱਕਿਆ ਹੈ ਇਸ ਤੋਂ ਇਲਾਵਾ ਉਹ ਹੋਰ ਕੁੱਝ ਵੀ ਕਹਿਣਾ ਨਹੀਂ ਚਾਹੁੰਦਾ।

ਇਸ ਕੇਸ ਵਿੱਚ ਪੜਤਾਲ ਅਫਸਰ ਵਲੋਂ ਪੇਸ਼ ਕੀਤੀ ਪੜਤਾਲ ਰਿਪੋਰਟ ਨੂੰ ਵਧੀਕ ਨਿਗਰਾਨ ਇੰਜੀਨੀਅਰ ਪੀ ਤੇ ਐਮ ਮੰਡਲ ਜਮਸ਼ੇਰ ਵਲੋਂ ਇਸ ਕੇਸ ਵਿੱਚ ਸਮਰਥ ਅਧਿਕਾਰੀ ਹੋਣ ਦੇ ਨਾਤੇ ਗੰਭੀਰਤਾ ਨਾਲ ਵਿਚਾਰਿਆ ਗਿਆ। ਨਿਮਨਹਸਤਾਖਰਕਰਤਾ ਵੱਲੋਂ ਕਰਮਚਾਰੀ ਨੂੰ ਵੱਖੋ-ਵੱਖ ਅਦਾਲਤਾਂ ਵੱਲੋਂ ਦਿੱਤੀਆਂ ਸਜਾਵਾਂ ਦੇ ਹੁਕਮ ਵੀ ਗੰਭੀਰਤਾ ਨਾਲ ਘੋਖੇ ਗਏ। ਸ਼੍ਰੀ ਰਵੀ ਕੁਮਾਰ ਆਰ.ਟੀ.ਐਮ ਵੱਲੋਂ ਬਾਰ-ਬਾਰ ਆਪਣੇ ਹੀ ਪਿੰਡ ਦੀ ਵਸਨੀਕ ਨਾਲ ਬਦਸਲੂਕੀ ਕਰਨਾ ਬਹੁਤ ਹੀ ਘਿਨੌਣਾ ਅਤੇ ਸਮਾਜ ਵਿਰੋਧੀ ਹੈ ਆਪਣੇ ਆਪ ਵਿੱਚ **"Moral Turpitude"** ਦਾ ਮਾਮਲਾ ਹੈ। ਔਰਤਾਂ ਦੇ ਵਿਰੁੱਧ ਹੋਣ ਵਾਲੀਆਂ ਅਸਾਮਜਿਕ ਘਟਨਾਵਾਂ ਦੀ ਰੋਕਥਾਮ ਅਤੇ ਔਰਤਾਂ ਦੇ ਸਨਮਾਨ ਨੂੰ ਬਰਕਰਾਰ ਰਖੱਣ ਲਈ ਭਾਰਤ ਸੰਵਿਧਾਨ ਵਿੱਚ ਕਈ ਸਖਤ ਕਾਨੂੰਨ ਹਨ ਉਹਨਾਂ ਦੀ ਉਲੰਘਣਾ ਕਰਦੇ ਹੋਏ ਕਿਸੇ ਔਰਤ ਦੀ ਇਜ਼ਤ ਨੂੰ ਭੰਗ ਕਰ ਦੀ ਕੋਸ਼ਿਸ਼ ਕਰਨਾ ਅਤੇ ਔਰਤਾਂ ਨਾਲ ਹਿੰਸਾ ਕਰਨਾ ਸ਼੍ਰੀ ਰਵੀ ਕੁਮਾਰ ਆਰ.ਟੀ.ਐਮ ਦੀ ਅਪਰਾਧਿਕ ਮਾਨਸਿਕਤਾ ਨੂੰ ਦਰਸਾਉਂਦਾ ਹੈ।

ਇਸ ਤਰ੍ਹਾਂ ਕਰਮਚਾਰੀ ਸ਼੍ਰੀ ਰਵੀ ਕੁਮਾਰ ਆਰ.ਟੀ.ਐਮ ਨੂੰ ਜਾਰੀ ਦੋਸ਼ ਸੂਚੀ ਨੰ: 2080 ਮਿਤੀ 24.08.2017 ਦੀ ਪੜਤਾਲ ਰਿਪੋਰਟ, ਉਸ ਨੂੰ ਵੱਖੋ-ਵੱਖ ਅਦਾਲਤਾਂ ਵੱਲੋਂ ਦਿੱਤੀਆਂ ਸਜਾਵਾਂ ਦੇ ਹੁਕਮ, ਕਰਮਚਾਰੀ ਦੇ ਬਿਆਨ ਅਤੇ ਇਸ ਨਾਲ ਸਬੰਧਤ ਹੋਰ ਰਿਕਾਰਡ ਦੀ ਗੰਭੀਰਤਾ ਨਾਲ ਘੋਖ ਕਰਦੇ ਹੋਏ ਨਿਮਨਹਸਤਾਖਰਕਰਤਾ ਇਸ ਨਤੀਜੇ ਤੇ ਪਹੁੰਚੇ ਕਿ ਸ਼੍ਰੀ ਰਵੀ ਕੁਮਾਰ ਅਪਰਾਧਿਕ ਮਾਨਸਿਕਤਾ ਅਤੇ ਕਿਰਦਾਰ ਵਾਲਾ ਵਿਅਕਤੀ ਹੈ ਅਤੇ ਇਸ ਤਰ੍ਹਾਂ ਦੇ ਕਿਰਦਾਰ ਵਾਲਾ ਵਿਅਕਤੀ ਸਰਕਾਰੀ ਨੌਕਰੀ ਦੇ ਵਿੱਚ ਰਹਿਣ ਦਾ ਹੱਕਦਾਰ ਨਹੀਂ ਹੈ ਇਸ ਲਈ ਉਸ ਨੂੰ ਨੌਕਰੀ ਤੋਂ ਬਰਖਾਸਤ (Dismiss) ਕੀਤਾ ਜਾਣਾ ਬਣਦਾ ਹੈ।

ਕਰਮਚਾਰੀ ਸ਼੍ਰੀ ਰਵੀ ਕੁਮਾਰ ਆਰ.ਟੀ.ਐਮ ਨੂੰ ਉਸ ਵਿੁੱਰਧ ਦਰਜ ਦੋਸ਼ ਸੂਚੀ ਨੰ: 2080 ਮਿਤੀ 24.08.2017 ਸਬੰਧੀ ਤਜਵੀਜ਼ ਕੀਤੀ ਸਜ਼ਾ ਸਬੰਧੀ ਇਸ ਦਫਤਰ ਦੇ ਪੱਤਰ ਨੰ: 1473 ਮਿਤੀ 27.07.2018 ਨਾਲ ਨੋਟਿਸ ਜਾਰੀ ਕੀਤਾ ਗਿਆ ਅਤੇ ਇਸ ਨੋਟਿਸ ਦਾ ਜਵਾਬ ਦੇਣ ਲਈ ਕਰਮਚਾਰੀ ਨੂੰ 10 ਦਿਨ ਦਾ ਸਮਾਂ ਦਿੱਤਾ ਗਿਆ ਪਰ ਕਰਮਚਾਰੀ ਵੱਲੋਂ ਇਸ ਨੋਟਿਸ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ। ਕਰਮਚਾਰੀ ਨੂੰ ਇੱਕ ਹੋਰ ਮੌਕਾ ਦਿੰਦੇ ਹੋਏ ਇਸ ਨੋਟਿਸ ਦਾ ਜਵਾਬ ਦੇਣ ਲਈ ਪੱਤਰ ਨੰ: 1542 ਮਿਤੀ 07.08.2018 ਲਿਖੀਆ ਗਿਆ ਪਰ ਕਰਮਚਾਰੀ ਵੱਲੋਂ ਇਸ ਦਾ ਵੀ ਕੋਈ ਜਵਾਬ ਨਹੀਂ ਦਿੱਤਾ ਗਿਆ। ਇਸ ਤਰ੍ਹਾਂ ਕਰਮਚਾਰੀ ਨੂੰ ਜਾਰੀ ਦੋਸ਼ ਸੂਚੀ ਨੰ: 2080 ਮਿਤੀ 24.08.2017 ਵਿੱਚ ਉਸ ਉਪਰ ਲਗਾਏ ਗਏ ਦੋਸ਼ਾਂ ਵਿਰੁੱਧ ਕਰਮਚਾਰੀ ਵੱਲੋਂ ਦਿੱਤੇ ਜਵਾਬ ਅਤੇ ਹੋਰ ਰਿਕਾਰਡ ਵਿੱਚ ਇਹੋ ਜਿਹਾ ਕੁੱਝ ਨਹੀਂ ਪਾਇਆ ਗਿਆ ਕਿ ਉਸ ਨੂੰ ਤਜਵੀਜ਼ ਕੀਤੀ ਸਜ਼ਾ ਨਾ ਦਿੱਤੀ ਜਾ ਸਕੇ।



Scanned by CamScanner

PSTCL
PUNJAB STATE TRANSMISSION CORPORATION LIMITED
**PUNJAB STATE TRANSMISSION CORP. LTD.**
**Regd. Office: PSEB Head Office, The Mall, Patiala.**
**O/O: Addl. S.E P&M Division 220 KV S/Stn. Jamsher Jalandhar. Fax: 0181-2775883**

ਨਿਮਨਹਸਤਾਖਰ ਕਰਤਾ ਵੱਲੋਂ ਉਪਰੋਕਤ ਸਾਰੇ ਹਾਲਾਤਾਂ ਨੂੰ ਮੱਦੇ ਨਜ਼ਰ ਰਖਦੇ ਹੋਏ ਕੇਸ ਨੂੰ ਖੋਖਿਆ/ਵਿਚਾਰਿਆ ਗਿਆ ਅਤੇ ਸਮੱਰਥ ਅਧਿਕਾਰੀ ਹੋਣ ਦੇ ਨਾਤੇ ਇਹ ਫੈਸਲਾ ਲਿਆ ਗਿਆ ਕਿ ਕਰਮਚਾਰੀ ਅਪਰਾਧਿਕ ਗਤੀਵਿਧਿਆਂ ਵਿੱਚ ਸ਼ਾਮਲ ਹੋਣ ਅਤੇ **"Moral Turpitude"** ਦੇ ਮਾਮਲੇ ਅਤੇ ਵਿਭਾਗ ਨੂੰ ਝੂਠਾ ਹਲਫੀਆ ਬਿਆਨ ਦੇਣ ਦੇ ਮਾਮਲੇ ਵਿੱਚ ਦੋਸ਼ੀ ਹੈ। ਉਸ ਨੂੰ ਆਪਣਾ ਪੱਖ ਰਖਣ ਲਈ ਮਹਿਕਮੇ ਦੀਆਂ ਹਦਾਇਤਾਂ ਅਨੁਸਾਰ ਹਰ ਸੰਭਵ ਮੋਕਾ ਦਿੱਤਾ ਗਿਆ ਪ੍ਰੰਤੂ ਕਰਮਚਾਰੀ ਉਕਤ ਮਾਮਲੇਆਂ ਵਿੱਚ ਆਪਣੇ ਆਪ ਨੂੰ ਨਿਰਦੋਸ਼ ਸਾਬਤ ਨਹੀਂ ਕਰ ਸਕਿਆ। ਇਸ ਲਈ ਸ਼੍ਰੀ ਰਵੀ ਕੁਮਾਰ ਆਰ.ਟੀ.ਐਮ. ਪੁੱਤਰ ਸ਼੍ਰੀ ਹੰਸ ਰਾਜ ਨੂੰ ਅਪਰਾਧਿਕ ਗਤੀਵਿਦਿਆਂ ਅੰਜਾਮ ਦੇਣ ਕਾਰਣ ਵੱਖੋ-ਵੱਖ ਅਦਾਲਤਾਂ ਵੱਲੋਂ ਉਸ ਨੂੰ ਦੋਸ਼ੀ ਕਰਾਰ ਦੇਣ ਉਪਰੰਤ ਸਜ਼ਾਵਾਂ ਮਿਲਣ ਕਰਕੇ ਅਤੇ ਇਹਨਾਂ ਸਜ਼ਾਵਾਂ ਨੂੰ ਵਿਭਾਗ ਤੋਂ ਛੁਪਾਉਂਦੇ ਹੋਏ ਦਿੱਤੇ ਝੂੱਠੇ ਹਲਫੀਆ ਬਿਆਨ ਕਾਰਨ ਕਰਕੇ ਮੁੱਅਤਲੀ ਦੀ ਮਿਤੀ 26.07.2017 ਤੋਂ ਬਰਖਾਸਤ (Dismiss) ਕੀਤਾ ਜਾਵੇ।

ਇਸ ਦਫਤਰੀ ਹੁਕਮ ਰਾਹੀਂ ਸ਼੍ਰੀ ਰਵੀ ਕੁਮਾਰ ਆਰ.ਟੀ.ਐਮ ਪੁੱਤਰ ਸ਼੍ਰੀ ਹੰਸ ਰਾਜ ਨੂੰ ਪੰਜਾਬ ਰਾਜ ਬਿਜਲੀ ਬੋਰਡ ਹੁਣ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਿਡ ਦੀ ਸਜ਼ਾ ਅਤੇ ਅਪੀਲ ਰੇਗੂਲੇਸ਼ਨਜ਼-1971 ਦੇ ਵਿਨਿਯਮ 5 ਦੇ ਉਪ ਵਿਨਿਯਮ (ix) ਤਹਿਤ ਮੁੱਅਤਲੀ ਦੀ ਮਿਤੀ 26.07.2017 ਤੋਂ ਸੇਵਾ ਤੋਂ ਬਰਖਾਸਤ (Dismiss) ਕੀਤਾ ਜਾਂਦਾ ਹੈ।

ਕਰਮਚਾਰੀ ਦੇ ਸੇਵਾ ਵੇਰਵੇ ਹੇਠ ਅਨੁਸਾਰ ਹਨ:-

| | | |
|---|---|---|
| 1. | ਕਰਚਾਰੀ ਦਾ ਨਾਂ ਅਤੇ ਅਹੁਦਾ | ਸ਼੍ਰੀ ਰਵੀ ਕੁਮਾਰ ਆਰ.ਟੀ.ਐਮ. |
| 2. | ਪਿਤਾ ਦਾ ਨਾਂ | ਸ਼੍ਰੀ ਹੰਸ ਰਾਜ |
| 3. | ਜਨਮ ਮਿਤੀ | 07.01.1980 |
| 4. | ਬੋਰਡ ਵਿੱਚ ਭਰਤੀ ਦੀ ਮਿਤੀ | 09.12.1998 |
| 5. | ਕਰਮਚਾਰੀ ਦਾ ਪਤਾ | ਪਿੰਡ ਤੇ ਡਾਕਖਾਨਾ ਪਤਾਰਾ ਜ਼ਿਲਾ ਜਲੰਧਰ |

ਸਹੀ

ਵਧੀਕ ਨਿਗਰਾਨ ਇੰਜੀਨੀਅਰ
ਪੀ ਤੇ ਐਮ ਮੰਡਲ, ਪੀ.ਐਸ.ਟੀ.ਸੀ.ਐਲ
ਜਮਸ਼ੇਰ ਜਲੰਧਰ

ਪਿੱਠ ਅੰਕਣ ਨੰ:- 1646/2151 ਮਿਤੀ:- 27/08/18

ਉਪਰੋਕਤ ਦਾ ਉਤਾਰਾ ਹੇਠ ਲਿਖੇ ਦਫ਼ਤਰਾਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਜੀ.ਪੀ/ ਵੀ ਅਤੇ ਐਸ ਪਟਿਆਲਾ।
2. ਸਾਰੇ ਇੰਜੀ-ਇੰਨ ਚੀਫ/ਜਨਰਲ ਮੈਨੇਜਰ, ਮੁੱਖ ਇੰਜੀ: ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ।
3. ਮੁੱਖ ਲੇਖਾ ਅਫਸਰ/ਮੁੱਖ ਕਾਸਟ ਕੰਟਰੋਲਰ ਵਿੱਤ/ਮੁੱਖ ਆਡੀਟਰ ਅਤੇ ਮੁੱਖ ਕਾਸਟ ਕੰਟਰੋਲਰ ਅਤੇ ਰਿਡਕਸ਼ਨ ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ।



Scanned by CamScanner

pstcl PUNJAB STATE TRANSMISSION CORPORATION LIMITED

**PUNJAB STATE TRANSMISSION CORP. LTD.**

**Regd. Office: PSEB Head Office, The Mall, Patiala.**

**O/O: Addl. S.E P&M Division 220 KV S/Stn. Jamsher Jalandhar. Fax: 0181-2775883**

4. ਸਾਰੇ ਉੱਪ-ਮੁੱਖ ਇੰਜੀ/ਨਿਗਰਾਨ ਇੰਜੀ ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ।
5. ਨਿਗਰਾਨ ਇੰਜੀ ਪੀ ਤੇ ਐਮ ਹਲਕਾ ਪੀ.ਐਸ.ਟੀ.ਸੀ.ਐਲ ਜਲੰਧਰ।
6. ਸਾਰੇ ਉੱਪ-ਮੁੱਖ ਪੜਤਾਲਕਾਰ, ਉੱਪ-ਮੁੱਖ ਲੇਖਾ ਅਫਸਰ, ਲੇਖਾ ਅਫਸਰ ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ।
7. ਸਾਰੇ ਵਧੀਕ ਨਿਗਰਾਨ ਇੰਜੀ ਅਤੇ ਸੀ.ਕਾ.ਕਾ.ਇੰਜੀ ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ।
8. ਸਾਰੇ ਸਯੁੰਕਤ ਸਕੱਤਰ/ਉੱਪ-ਸਕੱਤਰ/ਅਧੀਨ ਸਕੱਤਰ ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ।
9. ਸੀਨੀਅਰ ਨਿੱਜੀ ਸਕੱਤਰ ਟੂ ਸੀ.ਐਮ.ਡੀ ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ।
10. ਸੀਨੀਅਰ ਨਿੱਜੀ ਸਕੱਤਰ ਟੂ ਡਾਇਰੈਕਟਰਜ਼ ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ।
11. ਨਿੱਜੀ ਸਕੱਤਰ ਟੂ ਜੀ.ਐਮ ਅਤੇ ਉੱਪ-ਮੁੱਖ ਇੰਜੀ:/ਪ੍ਰਸੋਨਲ ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ।
12. ਉੱਪ-ਮੁੱਖ ਇੰਜੀ/ਨਿਗਰਾਨ ਇੰਜੀ: /ਆਈ.ਟੀ ਪੀ.ਐਸ.ਟੀ.ਸੀ.ਐਲ ਪਟਿਆਲਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਦ/ਹੁ ਪੀ.ਐਸ.ਟੀ.ਸੀ.ਐਲ ਦੀ ਵੈਬਸਾਈਟ ਉਪਰ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।
13. ਉੱਪ-ਮੁੱਖ ਇੰਜੀ/ ਨਿਗਰਾਨ ਇੰਜੀ: /ਆਈ.ਟੀ ਪੀ.ਐਸ.ਪੀ.ਸੀ.ਐਲ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਦ/ਹ ਪੀ.ਐਸ.ਪੀ.ਸੀ.ਐਲ ਦੀ ਵੈਬਸਾਈਟ ਉਪਰ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।
14. ਐਸ.ਐਸ.ਈ. 220 ਕੇਵੀ ਸ/ਸ ਬਾਦਸ਼ਾਹਪੁਰ ਜਲੰਧਰ ਨੂੰ ਭੇਜਦੇ ਹੋਏ ਲਿਖੀਆ ਜਾਂਦਾ ਹੈ ਕਿ ਇਹ ਦ/ਹੁ ਸ਼੍ਰੀ ਰਵੀ ਕੁਮਾਰ ਨੂੰ ਸੋਪੰ ਕੇ ਇਸ ਦੀ ਪ੍ਰਾਪਤੀ ਰਸੀਦ ਕਰਮਚਾਰੀ ਤੋਂ ਲੈ ਕੇ ਇਸ ਦਫਤਰ ਵਿੱਚ ਭੇਜੀ ਜਾਵੇ।
15. ਸ਼੍ਰੀ ਰਵੀ ਕੁਮਾਰ ਆਰ.ਟੀ.ਐਮ ਪੁੱਤਰ ਸ਼੍ਰੀ ਹੰਸ ਰਾਜ ਪਿੰਡ ਤੇ ਡਾਕ ਪਤਾਰਾ ਜ਼ਿਲਾ ਜਲੰਧਰ।

ਵਧੀਕ ਨਿਗਰਾਨ ਇੰਜੀਨੀਅਰ<br>
ਪੀ ਤੇ ਐਮ ਮੰਡਲ, ਪੀ.ਐਸ.ਟੀ.ਸੀ.ਐਲ<br>
ਜਮਸ਼ੇਰ ਜਲੰਧਰ



Scanned by CamScanner